Sagacity: A Multidisciplinary Research Journal ISSN: 2583-7540 July-Dec 2025, Vol.4, No.2.

# ਨਾਵਲ 'ਅੱਧੇ ਪੌਣੇ' : ਮਨੁੱਖੀ ਹੋਂਦ ਲਈ ਸੰਘਰਸ਼ ਦਾ ਬਿਰਤਾਂਤ

**ਡਾ. ਕਾਰਜ ਸਿੰਘ**
**ਅਸਿਸਟੈਂਟ ਪ੍ਰੋਫ਼ੈਸਰ**
**ਖ਼ਾਲਸਾ ਕਾਲਜ ਫ਼ਾਰ ਵਿਮਨ,ਅੰਮ੍ਰਿਤਸਰ।**

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸੁਖਬੀਰ ਨੇ ਕਵਿਤਾ, ਕਹਾਣੀ, ਨਾਵਲ ਅਤੇ ਅਨੁਵਾਦਕ ਦੇ ਤੌਰ 'ਤੇ ਕਲਮ ਅਜ਼ਮਾਈ ਕੀਤੀ ਪਰ ਉਸਨੂੰ ਵਧੇਰੇ ਪ੍ਰਸਿੱਧੀ ਅਤੇ ਸਫਲਤਾ ਇਕ ਨਾਵਲਕਾਰ ਹੋਣ ਵਜੋਂ ਪ੍ਰਾਪਤ ਹੋਈ ਹੈ। ਪੰਜਾਬੀ ਨਾਵਲ ਦੇ ਖੇਤਰ ਵਿੱਚ ਮਹਾਂਨਗਰੀ ਜੀਵਨ ਨਾਲ ਜੁੜੇ ਮਸਲਿਆਂ ਨੂੰ ਪੇਸ਼ ਕਰਨਾ ਸੁਖਬੀਰ ਦਾ ਨਿਵੇਕਲਾ ਉੱਦਮ ਹੈ। ਸੁਖਬੀਰ ਦੁਆਰਾ ਰਚਿਤ 'ਅੱਧੇ ਪੌਣੇ' ਨਾਵਲ ਪਹਿਲੀ ਵਾਰ 1981ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਦਾ ਥੀਮ ਸ਼ਹਿਰੀ ਖ਼ਾਸ ਕਰਕੇ ਮਹਾਂਨਗਰਾਂ ਵਿੱਚ ਮੱਧ-ਸ਼੍ਰੇਣੀ ਦੀਆਂ ਸਮਾਜਕ, ਆਰਥਿਕ ਅਤੇ ਮਾਨਸਿਕ ਸਮੱਸਿਆਵਾਂ ਨਾਲ ਸੰਬੰਧਤ ਹੈ। ਲੇਖਕ ਬੰਬਈ ਮਹਾਂਨਗਰ ਦਾ ਜੰਮਪਲ ਹੋਣ ਕਰਕੇ ਨਾਵਲਾਂ ਵਿਚਲੀਆਂ ਘਟਨਾਵਾਂ ਨੂੰ ਨਿੱਜੀ ਅਨੁਭਵ ਦੇ ਆਧਾਰਿਤ ਪੇਸ਼ ਕਰਦਾ ਹੈ। ਮਹਾਂਨਗਰੀ ਸੱਭਿਅਤਾ ਦੀ ਜੀਵਨ-ਜਾਂਚ ਨੂੰ ਯਥਾਰਥਕ ਧਰਾਤਲ ਤੇ ਪੇਸ਼ ਕਰਦਾ ਹੈ। "ਸੁਖਬੀਰ ਦਾ ਇਹ ਵਿਸ਼ਵਾਸ ਸੀ ਕਿ ਮੁੰਬਈ ਮਹਾਂਨਗਰ ਸੰਭਾਵਨਾਵਾਂ ਤੇ ਸੀਮਾਵਾਂ ਦਾ ਪਿੜ੍ਹ ਹੈ। ਇਥੇ ਅਸਮਾਨ ਛੋਂਹਦੀਆਂ ਇਮਾਰਤਾਂ ਵੀ ਹਨ ਅਤੇ ਧਰਤੀ ਨਾਲ ਜੁੜੀਆਂ ਝੁੱਗੀਆਂ ਵੀ। ਮਹਾਂਨਗਰ ਵਿਚ ਚਮਕ-ਦਮਕ ਵੀ ਹੈ ਤੇ ਗੰਦਗੀ ਵੀ। ਅਰਥਾਤ ਇਹ ਸਵਰਗ-ਨਰਕ ਦੋਨਾਂ ਦਾ ਪ੍ਰਤੀਕ ਹੈ। ਧਨਾਢ ਅਤੇ ਹਾਕਮ ਲੋਕਾਂ ਲਈ ਮਹਾਂਨਗਰ ਸਵਰਗ ਸਮਾਨ ਹੈ। ਪਰ ਇਹ ਵਧੇਰੇ ਮੱਧ ਤੇ ਨਿਮਨ-ਸ਼੍ਰੇਣੀ ਲਈ ਸਮੱਸਿਆਵਾਂ ਦਾ ਪਿੜ੍ਹ ਹੈ। ਆਮ ਬੰਦੇ ਦੀ ਅਜਿਹੇ ਵੱਡੇ ਸ਼ਹਿਰ ਵਿਚ ਨਾ ਹੀ ਕੋਈ ਪਛਾਣ ਹੈ ਤੇ ਨਾ ਹੀ ਕੋਈ ਹੋਂਦ। ਇਸ ਤਰ੍ਹਾਂ ਅਜਿਹੀ ਥਾਂ 'ਤੇ ਰਹਿੰਦਾ ਮਨੁੱਖ ਆਪਣੇ ਅਸਤਿਤਵ ਜਾਂ ਹੋਂਦ ਲਈ ਹੀ ਸੰਘਰਸ਼ ਕਰਦਾ ਰਹਿੰਦਾ ਹੈ।"[1] ਉਸ ਦੇ ਹਥਲੇ ਨਾਵਲ ਵਿੱਚ ਆਰਥਿਕ ਮਜ਼ਬੂਰੀਆਂ ਅਤੇ ਕਾਮ ਵਾਸਨਾਵਾਂ ਤਹਿਤ ਵੇਸਵਾਗਿਰੀ ਦਾ ਧੰਦਾ ਅਪਣਾਏ ਜਾਣ ਵਰਗੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਨਾਵਲ ਵਿੱਚ ਤੇਜ਼ ਰਫ਼ਤਾਰ ਦੌੜ-ਭੱਜ ਵਾਲੇ ਸਮਾਜਚਾਰੇ ਵਿੱਚ ਮਨੁੱਖ ਨੇ ਆਪਣੀ ਹੋਂਦ ਅਤੇ ਹਸਤੀ ਨੂੰ ਕਾਇਮ ਰੱਖਣ ਵਰਗੇ ਸਵਾਲ ਨੂੰ ਪੇਸ਼ ਕੀਤਾ ਹੈ। ਨਾਵਲ ਦੇ ਮੁੱਖ ਪਾਤਰ ਜਾਨਕੀ ਅਤੇ ਮੈਕੀ ਘਰੇਲੂ ਮਜ਼ਬੂਰੀਆਂ ਅਤੇ ਦੁਸ਼ਵਾਰੀਆਂ ਕਰਕੇ ਵੇਸਵਾ ਦੇ ਧੰਦੇ ਵਿੱਚ ਪੈ ਜਾਂਦੇ ਹਨ। ਇਸ ਧੰਦੇ ਵਿਚ ਉਹ ਸਰੀਰਕ ਤ੍ਰਿਪਤੀ ਦੇ ਨਾਲ-ਨਾਲ ਮਾਨਸਿਕ ਪੀੜਾਂ ਵੀ ਸਹਿੰਦੇ ਹਨ। ਮੈਕੀ ਰੋਜ਼ਮੈਰੀ ਦੇ ਅੱਡੇ ਤੇ ਵੇਟਰ ਵਜੋਂ ਕੰਮ ਕਰਦਾ ਸੀ। ਉਸ ਦਾ

ਚਿਹਰਾ ਭਾਵੇਂ ਮੈਲਾ ’ਤੇ ਗਰੀਬੜਾ ਜਿਹਾ ਸੀ ਪਰ ਅੱਖਾਂ ਚਮਕਦਾਰ ਸਨ ਜੋ ਅੱਡੇ ਤੇ ਆਉਂਦੇ ਜਾਂਦੇ ਗਾਹਕਾਂ ਦਾ ਖ਼ਾਸ ਧਿਆਨ ਰੱਖਦੀਆਂ ਸਨ। ਉਹ ਬੜੀ ਉਤਸੁਕਤਾ ਨਾਲ ਗਾਹਕਾਂ ਨੂੰ ਵੇਖਦਾ ਰਹਿੰਦਾ। ਰੋਜ਼ਮੈਰੀ ਦੇ ਅੱਡੇ ’ਤੇ ਜਾਨਕੀ ਵੀ ਆਉਂਦੀ ਜੋ ਮੈਕੀ ਨੂੰ ਬਹੁਤ ਪਸੰਦ ਸੀ। ਉਹ ਜਾਨਕੀ ਨੂੰ ਕਮਰੇ ਵਿਚ ਜਾਂਦੀ ਵੇਖਦਾ ਅਤੇ ਉਸ ਸਮੇਂ ਤੱਕ ਬੇਚੈਨੀ ਨਾਲ ਵੇਖਦਾ ਰਹਿੰਦਾ ਜਦੋਂ ਤੱਕ ਉਸਨੂੰ ਜਾਨਕੀ ਦਿੱਖ ਨਹੀਂ ਜਾਂਦੀ ਸੀ। ਇਕ ਦਿਨ ਜਾਨਕੀ ਜਦੋਂ ਕਿਸੇ ਮਰਦ ਗਾਹਕ ਨਾਲ ਕਮਰੇ ਵਿਚ ਚਲੀ ਜਾਂਦੀ ਹੈ ਤਾਂ ਲੰਬਾ ਸਮਾਂ ਬਾਹਰ ਨਾ ਆਉਣ ਤੇ ਮੈਕੀ ਕਮਰੇ ਅੰਦਰ ਚਲੇ ਜਾਂਦਾ ਹੈ। “ਮੈਕੀ ਬੂਹਾ ਖੋਹਲ ਕੇ ਅੰਦਰ ਗਿਆ, ਤਾਂ ਜਾਨਕੀ ਬਿਸਤਰੇ ’ਤੇ ਬੈਠੀ ਸਿਗਰਟ ਪੀ ਰਹੀ ਸੀ। ਉਸ ਦੇ ਬੁੱਲ੍ਹਾਂ ਤੋਂ ਲਿਪਸਟਿਕ ਲੱਥੀ ਹੋਈ ਸੀ, ਸਿਰ ਦੇ ਵਾਲ ਖਿੰਡਰੇ ਹੋਏ ਸਨ, ਤੇ ਅੱਖਾਂ ਜਿਵੇਂ ਪਥਰਾਈਆਂ ਹੋਈਆਂ ਸਨ। ਉਹ ਅਧ-ਨੰਗੀ ਹਾਲਤ ਵਿਚ ਬੈਠੀ ਸੀ ਤੇ ਆਪਣੇ ਵੱਲੋਂ ਲਾਪਰਵਾਹ ਜਾਪ ਰਹੀ ਸੀ।”[2] ਨਾਵਲ ਵਿੱਚ ਜਾਨਕੀ ਵੱਲੋਂ ਆਪਣੀ ਅਜਿਹੀ ਸਥਿਤੀ ਵਿੱਚ ਲਾਪਰਵਾਹ ਰਹਿਣਾ ਉਸ ਦੀ ਆਰਥਿਕ ਮਜ਼ਬੂਰੀ ਅਤੇ ਇਸੇ ਕਿੱਤੇ ਦੀਆਂ ਲੋੜਾਂ ਸੀ। ਸੁਖਬੀਰ ਆਪਣੇ ਨਾਵਲ ਵਿਚ ਸਹਿਜ-ਸੁਭਾਵਕ ਹੀ ਪਾਤਰਾਂ ਦੇ ਹਲਾਤਾਂ ਪ੍ਰਤੀ ਪ੍ਰਤੀਕਰਮ ਨੂੰ ਪੇਸ਼ ਕਰਦਾ ਹੈ।

ਜਾਨਕੀ ਇਸ ਕਿੱਤੇ ਤੋਂ ਮਿਲਦੀਆਂ ਪੀੜਾਂ/ਦਰਦਾਂ ਨਾਲ ਕੁਰਲਾ ਉੱਠਦੀ ਅਤੇ ਅਗਲੇ ਹੀ ਪਲ ਨਵੇਂ ਗਾਹਕ ਲਈ ਫਿਰ ਤੋਂ ਤਿਆਰ ਹੋ ਜਾਂਦੀ ਸੀ। ਮੈਕੀ ਦੀ ਜਾਨਕੀ ਨਾਲ ਦੁੱਖ-ਸੁੱਖ ਦੀ ਸਾਂਝ ਬਣ ਚੁੱਕੀ ਸੀ। ਮੈਕੀ ਉਸ ਨੂੰ ਨਵਾਂ ਸੂਟ ਦਿੰਦਾ ਤੇ ਮੇਕਅੱਪ ਕਰਦੀ ਹੋਈ ਜਾਨਕੀ ਉਸਨੂੰ ਚੰਗੀ ਲਗਦੀ। ਮੈਕੀ ਰੋਜ਼ਮੈਰੀ ਦੇ ਅੱਡੇ ’ਤੇ ਗਾਹਕਾਂ ਨੂੰ ਭਗਤਾਉਂਦੀ ਜਾਨਕੀ ਦਾ ਇੰਤਜ਼ਾਰ ਕਰਦਾ ਰਹਿੰਦਾ। ਨਾਵਲਕਾਰ ਨੇ ਇਹਨਾਂ ਮਜ਼ਬੂਰ ਪਾਤਰਾਂ ਦੇ ਥੋੜ੍ਹ-ਚਿਰੇ ਮਨਪ੍ਰਚਾਵੇ ਵਿੱਚੋਂ ਮਾੜੇ ਅਤੀਤ ਨੂੰ ਭੁੱਲ ਜਾਣ ਦੀਆਂ ਕੋਸ਼ਿਸ਼ਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਸਰਿਆਂ ਦੀ ਜ਼ਿੰਦਗੀ ਬਣਾਵਟੀ ਜਿਹੀ ਪ੍ਰਤੀਤ ਹੁੰਦੀ ਹੈ। ਜਿਵੇਂ ਰੋਜ਼ਮੈਰੀ ਜਿਸ ਮੁੰਡੇ ਨੂੰ ਪਿਆਰ ਕਰਦੀ ਉਸੇ ਨੇ ਹੀ ਉਸ ਨੂੰ ਦੇਹ-ਵਪਾਰ ਵੱਲ ਧੱਕ ਦਿੱਤਾ। ਨਾਵਲ ਵਿਚਲੇ ਪਾਤਰਾਂ ਨੂੰ ਵਰਤਮਾਨ ਪ੍ਰਸਥਿਤੀਆਂ ਵਿੱਚੋਂ ਉਪਜੇ ਡਰ ਕਰਕੇ ਭੈਅ ਗ੍ਰਸਤ ਹੋਏ ਦਿਖਾਇਆ ਗਿਆ ਹੈ। ਉਹ ਸਰੀਰ ਵੇਚਣ ’ਤੇ ਮਜ਼ਬੂਰ ਹੋਏ ਨਾ ਕਿ ਆਪਣੀ ਸਵੈ-ਇੱਛਾ ਜਾਂ ਕਾਮੁਕਤਾ ਕਰਕੇ ਇਸ ਧੰਦੇ ਨੂੰ ਅਪਣਾਉਂਦੇ ਹਨ। ਉਹਨਾਂ ਨੂੰ ਵਰਤਮਾਨ ਤੋਂ ਡਰ ਲੱਗਦਾ ਅਤੇ ਬੀਤੇ ਬਚਪਨ ਨੂੰ ਯਾਦ ਕਰਕੇ ਸੁਖਾਵਾਂ ਪ੍ਰਤੀਤ ਹੁੰਦਾ। “ਰੋਜ਼ਮੈਰੀ ਨੂੰ ਭਵਿੱਖ ਤੋਂ ਬੜਾ ਡਰ ਲਗਦਾ ਸੀ। ਭਵਿੱਖ ਬਾਰੇ ਸੋਚਦਿਆਂ ਉਸ ਨੂੰ ਹਮੇਸ਼ਾ ਆਪਣੀ ਮਤ ਦਾ ਖ਼ਿਆਲ ਆਉਂਦਾ। ਸੋ, ਉਸ ਵੱਲੋਂ ਉਹ ਹਮੇਸ਼ਾ ਮੂੰਹ ਮੋੜੀ ਰੱਖਦੀ। ਉਸ ਨੂੰ ਵਰਤਮਾਨ ਵੀ ਸੁਖਾਵਾਂ ਨਹੀਂ ਸੀ ਲਗਦਾ,

ਜੋ ਅਜਿਹੀ ਇੱਕਲ ਨਾਲ ਭਰਿਆ ਹੋਇਆ ਸੀ ਕਿ ਇਕ ਖਲਾਅ ਜਾਪਦਾ ਸੀ। ਉਹ ਉਸੇ ਤਰ੍ਹਾਂ ਸੀ, ਜਿਵੇਂ ਉਸ ਦੀ ਵਿੱਗ ਸੀ ਜਾਂ ਚਿਹਰੇ ਦਾ ਹੱਦੋਂ ਵੱਧ ਮੇਕ-ਅੱਪ ਸੀ, ਜਾਂ ਫੇਰ ਸਰੀਰ ਦੇ ਬਨਾਉਟੀ ਉਭਾਰ ਕੇ ਖ਼ਮ ਸਨ। ਸੋ, ਰੋਜ਼ਮੈਰੀ ਸਿਰਫ਼ ਭੂਤਕਾਲ ਵੱਲ ਹੀ ਵੇਖ ਸਕਦੀ ਸੀ, ਜਿਸ ਵਿਚ ਉਸਦੇ ਬਚਪਨ ਦੀਆਂ ਸੁਖਾਵੀਆਂ ਯਾਦਾਂ ਸਨ, ਤੇ ਜਵਾਨੀ ਤੋਂ ਬਾਅਦ ਵੀ ਉਹ ਦੁਨੀਆਂ ਸੀ, ਜੋ ਉਸ ਨੇ ਆਪਣੀ ਕਲਪਨਾ ਰਾਹੀਂ ਉਸਾਰੀ ਸੀ।"[3] ਭਾਵੇਂ ਕਿ ਬਾਹਰੀ ਤੌਰ 'ਤੇ ਉਹ ਸੁੰਦਰ ਬਣ ਕੇ ਰਹਿਣ ਦਾ ਢੌਂਗ ਰਚਦੀ ਹੈ ਪਰ ਅੰਦਰੋਂ ਅੰਦਰ ਉਹ ਖੰਡਿਤ ਹੋ ਚੁੱਕੀ ਸੀ। ਉਹ ਮੈਕੀ ਨੂੰ ਆਪਣੇ ਕਮਰੇ ਵਿਚ ਰਾਤ ਸੌਣ ਦੀ ਇਜ਼ਾਜਤ ਦੇ ਦਿੰਦੀ ਹੈ ਕਿਉਂਕਿ ਉਹ ਬੜੀ ਇਮਾਨਦਾਰੀ ਨਾਲ ਉਸ ਦੇ ਅੱਡੇ ਨੂੰ ਸੰਭਾਲਦਾ ਹੈ। ਮੈਕੀ ਰੋਜ਼ਮੈਰੀ ਦੇ ਦਿਲ ਦੇ ਦੁੱਖ-ਦਰਦ ਨੂੰ ਸੁਨਣ ਤੇ ਸਮਝ ਵਿੱਚ ਭਾਈਵਾਲ ਬਣ ਜਾਂਦਾ ਹੈ। ਰਾਤ ਨੂੰ ਰੋਜ਼ਮੈਰੀ ਆਪਣੇ ਅਤੀਤ ਤੇ ਭਵਿੱਖ ਦੀ ਗੱਲ ਸੁਣਾਉਂਦੀ ਹੈ। ਨਾਵਲਕਾਰ ਨੇ ਰੋਜ਼ਮੈਰੀ, ਮੈਕੀ ਅਤੇ ਜਾਨਕੀ ਦੇ ਪਾਤਰਾਂ ਰਾਹੀਂ ਇਹਨਾਂ ਦੀ ਜ਼ਿੰਦਗੀ ਦੇ ਅਧੂਰੇਪਣ ਨੂੰ ਪੇਸ਼ ਕੀਤਾ ਹੈ। ਇਹ ਪਾਤਰ ਅਤੀਤ ਤੋਂ ਦੁਖੀ ਹਨ ਕਿਉਂਕਿ ਇਹਨਾਂ ਨੂੰ ਕੋਈ ਨਾ ਕੋਈ ਧੋਖਾ ਮਿਲਿਆ ਹੈ ਜਿਸ ਕਰਕੇ ਉਹ ਛੋਟੀਆਂ ਛੋਟੀਆਂ ਖ਼ੁਸ਼ੀਆਂ ਨੂੰ ਮਾਣਦੇ ਹਨ। ਨਾਵਲ ਦੇ ਪਾਤਰ ਆਪਣੀਆਂ ਵਿਅਕਤੀਗਤ ਘਾਟਾਂ-ਕਮਜ਼ੋਰੀਆਂ ਸਮੇਤ ਪੇਸ਼ ਹੋਏ ਹਨ। ਉਹ ਜ਼ਿੰਦਗੀ ਨਾਲ ਜੁੜੇ ਮਾੜੇ-ਚੰਗੇ ਸੱਚ, ਇਕ ਦੂਜੇ ਨਾਲ ਸਾਂਝੇ ਕਰਦੇ ਹਨ। ਉਹ ਸਾਧਾਰਨ ਮਨੁੱਖਾਂ ਵਰਗੇ ਪ੍ਰਤੀਤ ਹੁੰਦੇ ਹਨ। ਮੈਕੀ ਨੂੰ ਵੀ ਰੋਜ਼ਮੈਰੀ ਵਾਂਗ ਆਪਣਾ ਭੂਤ ਬੜਾ ਡਰਾਉਣਾ ਲੱਗਦਾ ਸੀ ਕਿਉਂਕਿ ਮਾਂ-ਪਿਉ ਦੀ ਗ਼ੈਰ-ਹਾਜ਼ਰੀ ਵਿੱਚ ਚਾਚੀ ਨਾਲ ਬੰਬਈ ਵਿੱਚ 'ਝੌਂਪੜਪੱਟੀ' ਨਾਮਕ ਬਸਤੀ ਵਿੱਚ ਰਹਿੰਦੇ ਹੋਏ ਨਰਕ ਭਰੀ ਜ਼ਿੰਦਗੀ ਕੱਟਣ ਲਈ ਮਜ਼ਬੂਰ ਹੋਣਾ ਸੀ। ਮੈਕੀ ਦੇ ਮਨ ਵਿਚ ਚਾਚੀ ਦੀ ਬੜੀ ਦਹਿਸ਼ਤ ਸੀ ਜਿਸ ਕਰਕੇ ਉਸਨੂੰ ਸੁਪਨੇ ਵੀ ਡਰਾਉਣੇ ਆਉਂਦੇ ਸਨ। ਮੈਕੀ ਆਜ਼ਾਦੀ ਨਾਲ ਜਿਊਣ ਦੀ ਚਾਹਤ ਵਿੱਚ ਰੋਜ਼ਮੈਰੀ ਦੇ ਅੱਡੇ ਤੇ ਆਉਂਦਾ ਤਾਂ ਉਸਨੂੰ ਜਾਨਕੀ ਦਾ ਕੰਮ ਬੜਾ ਚੰਗਾ ਲਗਦਾ ਹੈ। "ਉਸ ਨੂੰ ਸਮੁੱਚੇ ਤੌਰ 'ਤੇ ਜਾਨਕੀ ਦੀ ਜ਼ਿੰਦਗੀ ਬੜੀ ਦਿਲਚਸਪ ਲਗਦੀ - ਨਿਸਚਿੰਤ, ਐਸ਼-ਆਰਾਮ ਵਾਲੀ, ਸੁਤੰਤਰ। ਏਥੋਂ ਤੱਕ ਕਿ ਜਾਨਕੀ ਦੀ ਥੱਕੀ-ਟੁੱਟੀ, ਨਿਢਾਲ ਹਾਲਤ ਅਤੇ ਚਿਹਰੇ ਉਤਲੀ ਪੀੜ ਵੀ ਉਸ ਨੂੰ ਚੰਗੀ ਲਗਦੀ, ਜੋ ਉਹ ਉਸ ਦੇ ਕੈਬਿਨ ਵਿਚ ਜਾਣ 'ਤੇ ਵੇਖਦਾ ਤੇ ਉਸ ਪੀੜ ਨੂੰ ਜਾਨਕੀ ਵਾਂਗ ਮਹਿਸੂਸ ਕਰਦਿਆਂ ਉਸਨੂੰ ਚੰਗਾ-ਚੰਗਾ ਲਗਦਾ।"[4] ਉਸ ਨੂੰ ਵੇਸਵਾ ਦੇ ਅੱਡੇ 'ਤੇ ਕੰਮ ਕਰਨਾ ਆਪਣੇ ਬੁਰੇ ਅਤੀਤ ਨਾਲੋਂ ਕਿਤੇ ਚੰਗਾ ਲੱਗਣ ਲੱਗ ਪਿਆ। ਜਾਨਕੀ ਵੀ ਆਰਥਿਕ ਤੰਗੀਆਂ-ਤੁਰਸ਼ੀਆਂ ਕਰਕੇ ਰੋਜ਼ਮੈਰੀ ਦੇ ਅੱਡੇ ਤੇ ਆਉਣ ਲਈ ਮਜ਼ਬੂਰ ਸੀ ਕਿਉਂਕਿ ਮਾ-ਪਿਉ ਦੇ ਨਿੱਤ ਦਿਨ ਦੇ

ਕਲੇਸ਼ ਕਰਕੇ ਜਾਨਕੀ ਦਾ ਪਿਉ ਉਹਨਾਂ ਨੂੰ ਸਦਾ ਲਈ ਛੱਡ ਕੇ ਘਰੋਂ ਨਿਕਲ ਗਿਆ ਤੇ ਵਾਪਸ ਨਾ ਆਇਆ। ਘਰੇਲੂ ਜ਼ਿੰਮੇਵਾਰੀਆਂ ਦਾ ਭਾਰ ਜਾਨਕੀ ਦੇ ਸਿਰ ਪੈ ਗਿਆ। ਰੋਜ਼ਮੈਰੀ ਦੇ ਅੱਡੇ ’ਤੇ ਵੇਸਵਾਗਿਰੀ ਦਾ ਧੰਦਾ ਕਰਦੇ ਹੋਏ ਅਤੇ ਆਪਣੀਆਂ ਸਰੀਰਕ ਪੀੜ੍ਹਾ ਨੂੰ ਲੁਕਾਉਂਦੇ ਹੋਏ, ਨਿਰੰਤਰ ਗਾਹਕਾਂ ਨੂੰ ਭਗਤਾਉਂਦੇ ਰਹਿਣਾ ਜਾਨਕੀ ਦੀ ਮਜ਼ਬੂਰੀ ਬਣ ਚੁੱਕਾ ਸੀ। ਉਸ ਨੂੰ ਹਮੇਸ਼ਾ ਆਪਣੇ ਚੰਗੇਰੇ ਭਵਿੱਖ ਦੀ ਆਸ ਰਹਿੰਦੀ ਸੀ। ਨਾਵਲਕਾਰ ਨੇ ਜਾਨਕੀ ਤੇ ਮੈਕੀ ਦੇ ਰਾਹੀਂ ਬੰਦੇ ਦੇ ਵਰਤਮਾਨ ਪ੍ਰਤੀ ਅਸੰਤੁਸ਼ਟ ਵਿਵਹਾਰ ਨੂੰ ਵੀ ਦਰਸਾਇਆ ਹੈ। ਕਿਸੇ ਵੀ ਕੰਮ ਵਿਚੋਂ ਸਕੂਨ ਦੀ ਪ੍ਰਾਪਤੀ ਨਹੀਂ ਹੁੰਦੀ ਬਲਕਿ ਅਕੇਵਾਂ ਮਹਿਸੂਸ ਹੁੰਦਾ ਹੈ। ਇਹ ਮਨੁੱਖ ਦੀ ਬੁਨਿਆਦੀ ਫ਼ਿਤਰਤ ਹੈ ਕਿ ਉਸ ਨੂੰ ਜੋ ਮਿਲਿਆ ਹੋਇਆ ਉਹ ਉਸ ਤੋਂ ਸਤੁੰਸ਼ਟ ਨਹੀਂ ਬਲਕਿ ਅੱਗੋਂ ਹੋਰ ਪ੍ਰਾਪਤ ਕਰਨ ਦੀ ਇੱਛਾ ਵਿੱਚ ਆਪਣਾ ਜੀਵਨ ਗੁਆ ਬੈਠਦਾ ਹੈ। ਜਾਨਕੀ ਕੰਮ ਤੋਂ ਥੱਕੀ-ਹਾਰੀ ਤੇ ਪੀੜਾਂ ਨਾਲ ਭਰੀ ਜਦੋਂ ਘਰ ਜਾਂਦੀ ਤਾਂ ਮਾਂ ਦੇ ਤਾਅਨੇ ਮੇਹਣੇ ਚੈਨ ਨਹੀਂ ਲੈਣ ਦਿੰਦੇ ਸਨ। ਮਾਂ-ਬਾਪ ਦੇ ਆਪਸੀ ਕਲੇਸ਼ ਕਰਕੇ ਬਾਪ ਦੁਆਰਾ ਘਰ ਛੱਡ ਕੇ ਚਲੇ ਜਾਣ ਕਰਕੇ ਉਸ ਲਈ ਨਾਂ ਤਾਂ ਮਾਂ ਆਦਰਸ਼ਕ ਬਣ ਸਕੀ ਅਤੇ ਨਾ ਹੀ ਪਿਉ। ਆਜ਼ਾਦ ਖ਼ਿਆਲਾਂ ਵਾਲੀ ਔਰਤ ਜੋ ਸਰੀਰ ਵੇਚੇ ਜਾਣ ਦੇ ਬਾਵਜੂਦ ਵੀ ਆਤਮਕ ਤੌਰ ’ਤੇ ਪਵਿੱਤਰ ਰਹਿਣਾ ਪਸੰਦ ਕਰਦੀ ਹੈ। ਉਹ ਕਿਸੇ ਨਾਲ ਧੋਖਾ ਕਰਕੇ ਜ਼ਿੰਦਗੀ ਨਾਲ ਖਿਲਵਾੜ ਕੀਤੇ ਜਾਣ ਦੇ ਵਿਰੁੱਧ ਸੀ। ਉਹ ਸੋਚਦੀ, “ਅਸਲ ਵਿਚ, ਸਰੀਰ ਦਾ ਵਿਕਣਾ ਹੋਰ ਚੀਜ਼ ਏ, ਤੇ ਆਤਮਾ ਦਾ ਵਿਕਣਾ ਹੋਰ ਚੀਜ਼। ਕਈ ਵਾਰ ਸਰੀਰ ਵਿਕਦਾ ਏ, ਪਰ ਆਤਮਾ ਨਹੀਂ ਵਿਕਦੀ। ਸਰੀਰ ਵਿਕਣ ’ਤੇ ਵੀ ਆਤਮਾ ਨੂੰ ਪਵਿਤ੍ਰ ਰਖਿਆ ਜਾ ਸਕਦਾ ਏ। ਤੇ ਅਸਲੀ ਚੀਜ਼ ਆਤਮਾ ਏ। ਨਾਲੇ, ਜੇ ਮਰਦ ਨੂੰ ਐਸ਼ ਕਰਨ ਦਾ ਹੱਕ ਏ, ਤਾਂ ਤੀਵੀਂ ਕਿਉਂ ਨਹੀਂ ਏ....?”[5] ਇਥੇ ਨਾਵਲਕਾਰ ਦੁਆਰਾ ਮਰਦ ਪ੍ਰਧਾਨ ਸਮਾਜ ਵਿਚ ਔਰਤ ਨਾਲ ਹੁੰਦੇ ਲਿੰਗਕ ਵਿਿਤਕਰਿਆਂ ਆਧਾਰਿਤ ਉਸਰੀ ਸਮਾਜਕ ਬਣਤਰ ਨੂੰ ਦਰਸਾਇਆ ਗਿਆ ਹੈ। ਨਾਵਲਕਾਰ ਨੇ ਪਿੱਛਲਝਾਤ ਵਿਧੀ ਦੇ ਰਾਹੀਂ ਔਰਤ ਪਾਤਰਾਂ ਦੇ ਅਤੀਤ ਤੇ ਝਾਤੀ ਮਰਵਾ ਕੇ ਉਹਨਾਂ ਦੀ ਵਰਤਮਾਨ ਜ਼ਿੰਦਗੀ ਦੀ ਕਸ਼ਮਕਸ਼ਤਾ ਨੂੰ ਦਰਸਾਇਆ ਹੈ। ਔਰਤ ਦੀ ਜ਼ਿੰਦਗੀ ਵਿਚ ਪਿਆਰ ਜਾਂ ਇਸ਼ਕ ਦਾ ਫ਼ਲਸਫਾ ਬੜਾ ਪਵਿੱਤਰ ਤੇ ਸੱਚਾ ਸੁੱਚਾ ਹੈ। ਨਾਵਲ ਵਿੱਚ ਜਾਨਕੀ ਹੋਵੇ ਜਾਂ ਰੋਜ਼ਮੈਰੀ ਦੋਵੇਂ ਹੀ ਮਰਦ ਦੇ ਨਾਲ ਪਿਆਰ ਕਰਕੇ ਧੋਖੇ ਦਾ ਸ਼ਿਕਾਰ ਹੁੰਦੀਆਂ ਹਨ। ਦੋਵੇਂ ਹੀ ਵੇਸਵਾ ਦਾ ਜੀਵਨ ਬਤੀਤ ਕਰਨ ’ਤੇ ਮਜ਼ਬੂਰ ਹੋ ਜਾਂਦੀਆਂ ਹਨ। ਜਿਵੇਂ ਰੋਜ਼ਮੈਰੀ ਮੈਕੀ ਨੂੰ ਆਪਣੇ ਪਿਆਰ ਬਾਰੇ ਦੱਸਦੀ ਹੈ ਕਿ, “ਕਈ ਲੋਕ ਪਿਆਰ ਨੂੰ ਜੂਆ ਸਮਝਦੇ ਨੇ। ਪਰ ਮੇਰੀ ਨਜ਼ਰ ਵਿਚ ਪਿਆਰ ਜੂਆ ਨਹੀਂ ਏ। ਸੱਚਾ ਪਿਆਰ ਜੂਆ ਹੋ ਈ ਨਹੀਂ

ਸਕਦਾ। ਜਵਾਨੀ ਦੇ ਦਿਨੀਂ ਮੇਰੀ ਜ਼ਿੰਦਗੀ ਵਿੱਚ ਇਕ ਅਜਿਹਾ ਮੁੰਡਾ ਆਇਆ ਸੀ, ਜੋ ਪਿਆਰ ਨੂੰ ਜੂਆ ਸਮਝਦਾ ਸੀ। ਉਸ ਨੇ ਮੇਰੇ ਨਾਲ ਵੀ ਆਪਣੀ ਪਿਆਰ ਖੇਡ ਨੂੰ ਜੂਆ ਸਮਝਿਆ।”[6] ਨਾਵਲ ਵਿਚ ਔਰਤ ਦੇ ਜ਼ਜ਼ਬਾਤ ਤੇ ਉਸ ਦੀਆਂ ਭਾਵਨਾਵਾਂ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਗਿਆ ਹੈ। ਰੋਜ਼ਮੈਰੀ  ਆਪਣੇ ਨਾਲ ਹੋਏ ਧੋਖੇ ਕਰਕੇ ਔਰਤ, ਸ਼ਰਾਬ ਤੇ ਜੂਆ ਦੇ ਧੰਦੇ ਰਾਹੀਂ ਪੈਸਾ ਕਮਾਉਣਾ ਸ਼ੁਰੂ ਕਰ ਦਿੰਦੀ ਹੈ। ਜਾਨਕੀ ਤੇ ਮੈਕੀ ਦੋਵੇਂ ਰੋਜ਼ਮੈਰੀ ਦੇ ਅੱਡੇ ਤੇ ਕੰਮ ਕਰਦੇ ਹਨ। ਰੋਜ਼ਮੈਰੀ ਦੀ ਮੌਤ ਤੋਂ ਬਾਅਦ ਮੈਕੀ ਹਰ ਪਾਸਿਉਂ ਨਿਗੂਣਾ ਹੋਇਆ ਮਹਿਸੂਸ ਕਰਦਾ ਅਤੇ ਜਾਨਕੀ ਵੀ ਦੂਜੇ ਅੱਡੇ ਤੇ ਜਾਣਾ ਸ਼ੁਰੂ ਕਰ ਦਿੰਦੀ ਹੈ। ਮੈਕੀ ਦੀ ਮਜ਼ਬੂਰੀ ਦਾ ਫ਼ਾਇਦਾ ਲੈ ਪਾਂਡੂਰੰਗ ਉਸ ਨਾਲ ਸਰੀਰਕ ਸੰਬੰਧ ਬਣਾਉਣ ਦੇ ਬਦਲੇ ਦੋ ਰੁਪਏ ਦਿੰਦਾ ਜਿਥੋਂ ਮੈਕੀ ਵੀ ਇਸ ਧੰਦੇ ਵਿਚ ਪੈ ਜਾਂਦਾ ਹੈ। ਨਾਵਲਕਾਰ ਨੇ ਮਹਾਂਨਗਰਾਂ ਵਿੱਚ ਸਮਲਿੰਗੀ ਸੰਬੰਧਾਂ ’ਤੇ ਮੈਕੀ ਦੇ ਪਾਤਰ ਰਾਹੀਂ ਚਾਨਣਾ ਪਾਇਆ ਹੈ। ਪੈਸੇ ਆਉਣ ਦੇ ਨਾਲ ਮੈਕੀ ਇਸ ਧੰਦੇ ਵਿਚ ਫਸ ਜਾਂਦਾ ਹੈ। ਜਾਨਕੀ ਦੁਆਰਾ ਇਹ ਧੰਦਾ ਚੁਣਨ ਤੇ ਉਹ ਆਖਦਾ, “ਚੁਣਨਾ ਪੈ ਗਿਆ। ਨਾ ਚੁਣਦਾ, ਤਾਂ ਕਦੋਂ ਦਾ ਭੁੱਖਾ ਮਰ ਗਿਆ ਹੁੰਦਾ। ਲਾਚਾਰ ਹੋ ਕੇ ਚੁਣਨਾ ਪਿਆ। ਪਰ ਹੁਣ ਵਾਹ-ਵਾਹ ਰਾਸ ਆ ਗਿਆ ਏ। ਤੇ ਜ਼ਿੰਦਗੀ ਬੜੀ ਸੁਹਣੀ ਬੀਤਣ ਲੱਗੀ ਏ।”[7] ਇਸ ਤਰ੍ਹਾਂ ਮੈਕੀ ਆਪਣੀ ਲਾਚਾਰੀ ਬਾਰੇ ਦੱਸਦਾ ਹੈ ਜਿਥੇ ਰੋਜ਼ੀ ਰੋਟੀ ਅਤੇ ਚੰਗੀ ਜ਼ਿੰਦਗੀ ਜਿਊਣ ਲਈ ਵੇਸਵਾਗਿਰੀ ਦਾ ਧੰਦਾ ਹੀ ਉਸਨੂੰ ਸੌਖਾ ਲੱਗਦਾ ਹੈ ਜਿਸ ਨੂੰ ਕਿ ਜਾਨਕੀ ਨਰਕ ਭਰੀ ਜ਼ਿੰਦਗੀ ਆਖਦੀ ਹੈ।

ਜਾਨਕੀ ਮੈਕੀ ਨੂੰ ਆਪਣੇ ਦੁੱਖਾਂ ਦਾ ਭਾਈਵਾਲ ਮੰਨਦੀ ਹੈ ਕਿਉਂਕਿ ਦੋਹਾਂ ਵਿੱਚ ਇਕ-ਦੂਜੇ ਪ੍ਰਤੀ ਹਮਦਰਦੀ ਤੇ ਅਪਣੱਤ ਦੀ ਭਾਵਨਾ ਮੌਜੂਦ ਹੈ। ਜਾਨਕੀ ਦੇ ਜ਼ਖ਼ਮਾਂ ਖ਼ਾਤਰ ਮੈਕੀ ਪੈਨਿਸਲੀਨ ਆਇੰਟਮੈਂਟ ਦੀ ਦਵਾਈ ਲਿਆ ਕੇ ਦਿੰਦਾ ਹੈ। ਅਸਲ ਵਿਚ ਮੈਕੀ/ਜਾਨਕੀ ਨਾਲ ਰਲ ਕੇ ਰੋਜ਼ਮੈਰੀ ਵਰਗਾ ਦੇਹ ਵਪਾਰ ਦਾ ਅੱਡਾ ਬਣਾਉਣਾ ਚਾਹੁੰਦਾ ਹੈ। ਉਹ ਦੋਵੇਂ ਵੱਧ ਤੋਂ ਵੱਧ ਪੈਸਾ ਕਮਾ ਕੇ ਐਸ਼ੋ ਆਰਾਮ ਨਾਲ ਜੀਵਨ ਬਤੀਤ ਕਰਨ ਦੇ ਚਾਹਵਾਨ ਹਨ। ਦੋਵੇਂ ਅਜਿਹੇ ਪਾਤਰ ਹਨ ਜੋ ਸਰੀਰਕ ਤੇ ਮਾਨਸਿਕ ਦੁੱਖਾਂ-ਦਰਦਾਂ ਤੋਂ ਮੁਕਤੀ ਪਾਉਣ ਲਈ ਸ਼ਰਾਬ ਤੇ ਸਿਗਰਟਾਂ ਦੇ ਸੇਵਨ ਕਰਨ ਲੱਗ ਪੈਂਦੇ ਹਨ। ਇਥੇ ਨਾਵਲਕਾਰ ਇਹਨਾਂ ਮਹਾਂਨਗਰਾਂ ਵਿਚ ਵੱਸਦੇ ਅਜਿਹੇ ਵਰਗ ਦੇ ਦੁੱਖਾਂ ਮਾਰੀ ਜ਼ਿੰਦਗੀ ਤੇ ਝਾਤੀ ਪਵਾਉਂਦਾ ਹੈ ਜਿਥੇ ਉਹ ਵੰਨ-ਸਵੰਨੇ ਜਾਨਵਰਾਂ ਵਰਗੇ ਲੋਕਾਂ ਦੀ ਹਵਸ ਦਾ ਸ਼ਿਕਾਰ ਹੁੰਦੇ ਤੇ ਪੈਸਾ ਕਮਾਉਂਦੇ ਹਨ। ਉਹ ਜ਼ਿੰਦਗੀ ਵਿਚੋਂ ਸਕੂਨ ਨੂੰ ਲੱਭਦੇ ਫਿਰਦੇ ਹਨ। ਘਰਾਂ ਦੇ ਮਾੜ੍ਹੇ ਹਾਲਤ ਫਿਰ ਉਹਨਾਂ ਨੂੰ ਉਸੇ ਦਲਦਲ ਵਿੱਚ ਸੁੱਟਦੇ ਹਨ ਜਿੱਥੋਂ ਉਹ ਨਿਕਲਣ ਦੀ ਕੋਸ਼ਿਸ਼ ਕਰਦੇ ਹਨ।

ਡਾ. ਗੁਰਦਿਆਲ ਸਿੰਘ ਇਸ ਨਾਵਲ ਦੇ ਸੰਬੰਧ ਵਿੱਚ ਲਿਖਦਾ ਹੈ ਕਿ, "... ਅੱਧੇ ਪੌਣੇ ਦੀ ਕੇਂਦਰੀ-ਪਾਤਰ ਜਾਨਕੀ ਨੂੰ ਉਸ ਦੇ ਮਾਂ-ਬਾਪ ਦਾ ਆਪਸੀ ਤੱਜ਼ਾਦ ਅਤੇ ਬਾਪ ਦੇ ਮਾਂ ਨਾਲ ਲੜ ਕੇ ਘਰੋਂ ਚਲ ਜਾਣ ਤੋਂ ਬਾਅਦ ਉਪਜਿਆ ਆਰਥਿਕ ਸੰਕਟ ਵੇਸਵਾਚਾਰੀ ਦੇ ਘਿਨਾਉਣੇ ਕਿੱਤੇ ਵੱਲ ਧਕੇਲ ਦਿੰਦਾ ਹੈ। ਇਸ ਨਾਵਲ ਵਿਚ ਮਰਦ ਪਾਤਰ ਮੈਕੀ ਦੇ ਵੇਸਵਾਚਾਰੀ ਦੇ ਕਿੱਤੇ ਵਿਚ ਮੁਲੱਵਿਸ ਹੋਣ ਕਾਰਣ ਵੀ ਉਸ ਦੇ ਪਰਿਵਾਰਕ ਪਿਛੋਕੜ ਵਿਚ ਹੀ ਹਨ। ਵੇਸਵਾਚਾਰੀ ਅਤੇ ਸ਼ਰਾਬ ਦੇ ਅੱਡੇ ਤੇ ਮਿਲਣ ਤੋਂ ਬਾਅਦ ਉਹ ਇਕ ਦੂਜੇ ਨਾਲ ਪ੍ਰੇਮ-ਸੰਬੰਧਾਂ ਵਿਚ ਬੱਝ ਜਾਂਦੇ ਹਨ। ਇਸ ਘ੍ਰਿਣਿਤ ਕਿੱਤੇ ਵਿਚੋਂ ਨਿਕਲਣ ਦੀਆਂ ਤਕਰੀਬਾਂ ਲੱਭਦੇ ਹਨ। ਪਰ ਸਥਿਤੀ ਦਾ ਵਿਅੰਗ ਇਹ ਹੈ ਕਿ ਵੇਸਵਾਚਾਰੀ ਦੇ ਜਿਸ ਕਿੱਤੇ ਤੋਂ ਉਹ ਨਿਜਾਤ ਹਾਸਿਲ ਕਰਨਾ ਚਾਹੁੰਦੇ ਹਨ ਉਸੇ ਨੂੰ ਉਹ ਇਸ ਨਿਜਾਤ ਦਾ ਸਾਧਨ ਬਣਾਉਣਾ ਚਾਹੁੰਦੇ ਹਨ।"[8] ਜਿਵੇਂ ਕਿ ਜਾਨਕੀ ਤੇ ਮੈਕੀ ਆਪਣੇ ਕੰਮ ਤੋਂ ਥੱਕ ਤਾਂ ਜਾਂਦੇ ਹਨ ਪਰ ਉਸੇ ਕੰਮ ਨੂੰ ਹੀ ਆਪਣਾ ਵਪਾਰ ਬਣਾਉਣਾ ਲੋਚਦੇ ਹਨ। ਪਰ ਜਦੋਂ ਜਾਨਕੀ ਦੀ ਦੋਸਤੀ ਪ੍ਰਕਾਸ਼ ਚੰਦ ਨਾਲ ਹੁੰਦੀ ਹੈ ਤਾਂ ਉਸ ਦੇ ਸਾਥ ਵਿਚੋਂ ਉਹ ਮਾਨਸਿਕ ਤੌਰ 'ਤੇ ਸਕੂਨ ਭਾਲਣ ਦੀ ਕੋਸ਼ਿਸ਼ ਕਰਨ ਲੱਗਦੀ ਹੈ। ਜਾਨਕੀ ਬਿਨਾਂ ਪੈਸੇ ਦੇ ਲਾਲਚ ਪ੍ਰਕਾਸ਼ ਚੰਦ ਕੋਲ ਰੋਜ਼ਾਨਾ ਜਾਣਾ ਸ਼ੁਰੂ ਕਰ ਦਿੰਦੀ ਹੈ। ਉਹਨਾਂ ਦੀ ਦੋਸਤੀ ਤੋਂ ਮੈਕੀ ਸਾੜਾ ਕਰਦਾ ਹੈ ਪਰ ਜਾਨਕੀ ਦੀ ਜ਼ਿੰਦਗੀ ਵਿਚ ਪ੍ਰਕਾਸ਼ ਚੰਦ ਦਾ ਸਤਿਕਾਰ ਵਧੇਰੇ ਹੋ ਜਾਂਦਾ ਹੈ। ਜਾਨਕੀ ਦਾ ਵਿਛੋੜਾ ਮੈਕੀ ਦੀ ਮੌਤ ਦਾ ਕਾਰਣ ਬਣ ਜਾਂਦਾ ਹੈ ਕਿਉਂਕਿ ਉਹਨਾਂ ਵਿਚ ਇਕ ਸਾਂਝ ਜੋ ਉਹਨਾਂ ਦੀ ਘਰੇਲੂ ਮਜ਼ਬੂਰੀਆਂ ਤੇ ਥੁੜਾਂ ਕਰਕੇ ਬਣੀ ਹੋਈ ਸੀ, ਉਹ ਪ੍ਰਕਾਸ਼ ਚੰਦ ਦੇ ਸਾਥ ਕਾਰਣ ਟੁੱਟ ਚੁੱਕੀ ਸੀ। ਨਾਵਲਕਾਰ ਨੇ ਬੜੀ ਬਾਰੀਕੀ ਨਾਲ ਮਹਾਂਨਗਰਾਂ ਵਿਚ ਵੱਸਦੇ ਲੋਕਾਂ ਦੀ ਜ਼ਿੰਦਗੀ ਦੇ ਨਵੇਂ ਪੱਖਾਂ ਨੂੰ ਉਘਾੜਿਆ ਹੈ। ਜਾਨਕੀ ਨੂੰ ਮੈਕੀ ਦੀ ਮੌਤ ਦਾ ਦਰਦ ਸਤਾਉਂਦਾ ਹੈ ਪਰ ਪ੍ਰਕਾਸ਼ ਚੰਦ ਦੀ ਦੋਸਤੀ ਤੇ ਅਹਿਸਾਸ ਨੇ ਹੌਲੀ ਹੌਲੀ ਜਾਨਕੀ ਦੇ ਜੀਵਨ ਵਿਚ ਸਕਾਰਾਤਮਕ ਤਬਦੀਲੀ ਲਿਆਂਦੀ। ਉਸ ਨੇ ਉਸ ਦੀ ਮਾਨਸਿਕਤਾ ਨੂੰ ਬਦਲਿਆ ਜਿਸ ਨੂੰ ਵੇਖ ਜਾਨਕੀ ਦੀ ਮਾਂ ਵੀ ਖ਼ੁਸ਼ ਹੋ ਜਾਂਦੀ ਹੈ। ਨਾਵਲੀ ਬਿਰਤਾਂਤ ਅਨੁਸਾਰ ਜਦ ਜਾਨਕੀ ਦੇ ਗਰਭ ਠਹਿਰ ਜਾਂਦਾ ਹੈ ਤਾਂ ਉਹ ਡਰਦੀ ਹੈ ਕਿ ਕਿਤੇ ਪ੍ਰਕਾਸ਼ ਚੰਦ ਉਸ ਨੂੰ ਠੁਕਰਾ ਨਾ ਦੇਵੇ। ਪਰ ਇਕ ਦਿਨ ਜਦ ਉਹ ਗਰਭ ਬਾਰੇ ਦੱਸਦੀ ਤਾਂ ਉਹ ਜਾਨਕੀ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਅਪਣਾਅ ਲੈਂਦਾ ਹੈ ਅਤੇ ਉਸਨੂੰ ਵਿਆਹ ਦੀ ਪੇਸ਼ਕਸ਼ ਕਰਦਾ ਹੈ। ਜਿਵੇਂ ਪ੍ਰਕਾਸ਼ ਚੰਦ ਆਖਦਾ, "ਇਸ ਤੋਂ ਪਹਿਲਾਂ ਕਿ ਇਹ ਬੱਚਾ ਜਨਮ ਲੈ ਕੇ ਸਾਨੂੰ ਇਕ ਦੂਜੇ ਨਾਲੋਂ ਟੁੱਟਣ ਨਾ ਦਏ, ਸਾਨੂੰ ਆਪਸ ਚ ਜੁੜ ਜਾਣਾ ਚਾਹੀਦਾ ਏ।"[9] ਇਸ ਤਰ੍ਹਾਂ ਨਾਵਲ ਦੇ ਸਿਖ਼ਰ ਤੇ

ਜਾ ਕੇ ਜਾਨਕੀ ਦੇ ਜੀਵਨ ਵਿਚ ਦੁੱਖਾਂ, ਹਨ੍ਹੇਰਿਆਂ ਪਿਛੋਂ ਖੁਸ਼ੀਆਂ ਆਉਂਦੀਆਂ ਹਨ। ਨਾਵਲਕਾਰ ਨੇ ਜੀਵਨ ਦੇ ਫ਼ਲਸਫ਼ੇ ਨੂੰ ਬੜੇ ਸੁਹਜਾਤਮਕ ਢੰਗ ਨਾਲ ਦਰਸਾਇਆ ਜਿਥੇ ਦੁੱਖਾਂ, ਹਾਰਾਂ ਅਤੇ ਮਿਹਨਤਾਂ ਵਿਚੋਂ ਆਸ ਦੀ ਕਿਰਨ ਫੁੱਟਦੀ ਹੈ। ਨਾਵਲ ਵਿਚ ਬੰਦੇ ਦੇ ਜੀਵਨ ਰੌਅ ਨੂੰ ਵਾਧੇ-ਘਾਟੇ ਸਮੇਤ ਪੇਸ਼ ਕੀਤਾ ਗਿਆ ਹੈ। "ਸੁਖਬੀਰ ਅਜੋਕੇ ਮਨੁੱਖ ਦੀ ਕਿਸੇ ਕਿਸਮ ਦੀ ਸੂਰਬੀਰਤਾ ਦੇ ਗੌਰਵ ਨੂੰ ਨਹੀਂ, ਸਗੋਂ ਸਾਧਾਰਨ ਪਾਤਰਾਂ ਦੀ ਸਾਧਾਰਨਤਾ ਨੂੰ ਪ੍ਰਗਟਾਉਣ ਵਾਲਾ ਨਾਵਲਕਾਰ ਹੈ। ਸੁਖਬੀਰ ਦੇ ਪਾਤਰ ਆਦਰਸ਼ਵਾਦੀ ਨਹੀਂ ਹਨ।"[10] ਜਾਨਕੀ ਦੇ ਪਾਤਰ ਰਾਹੀਂ ਮਨੁੱਖੀ ਜੀਵਨ ਵਿੱਚ ਸੁੱਖ ਤੇ ਦੁੱਖ ਦੇ ਸਤੁੰਲਨ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ। ਨਾਵਲਕਾਰ ਨੇ ਮਹਾਂਨਗਰ ਵਿੱਚ ਵੇਸਵਾਗਿਰੀ ਦੇ ਕਿੱਤੇ ਨੂੰ ਕੇਂਦਰ ਵਿਚ ਰੱਖ ਕੇ ਦੇਹ ਨੂੰ ਵਪਾਰ ਦਾ ਜ਼ਰੀਆ ਬਣਾ ਕੇ ਕਿਵੇਂ ਘਾਟੇ ਵਾਧੇ ਸਹਿਣ ਕੀਤੇ ਜਾਂਦੇ ਬਾਰੇ ਪੇਸ਼ ਕੀਤਾ ਹੈ।

ਨਾਵਲ ਦੇ ਪਾਤਰ ਜ਼ਿੰਦਗੀ ਵਿੱਚ ਹਾਰ ਨਹੀਂ ਮੰਨਦੇ ਭਾਵੇਂ ਕਿ ਉਹ ਕਈ ਮੁਸੀਬਤਾਂ/ਔਕੜਾਂ ਦਾ ਸਾਹਮਣਾ ਕਰਦੇ ਹਨ। ਪਰ ਫਿਰ ਵੀ ਉਹ ਕਿਸੇ ਨਾ ਕਿਸੇ ਆਸ ਕਰਕੇ ਅੱਗੇ ਵੱਧਦੇ ਹਨ। "'ਅੱਧੇ ਪੌਣੇ' ਸੁਖਬੀਰ ਦਾ ਬਹ-ਚਰਚਿਤ ਨਾਵਲ ਹੈ। ਇਸ ਵਿਚ ਉਸਨੇ ਮਹਾਂਨਗਰੀ ਵੇਸਵਾਗਿਰੀ ਦੇ ਕਿੱਤੇ ਨੂੰ ਕੇਂਦਰ ਵਿਚ ਰੱਖਿਆ ਹੈ। ਇਸ ਵਿਸ਼ੇ ਨੂੰ ਨਾਵਲਕਾਰ ਪਾਤਰਾਂ ਦੀ ਆਰਥਿਕ, ਸਰੀਰਕ ਅਤੇ ਮਾਨਸਿਕਤਾ ਭੁੱਖ ਦੇ ਨਾਲ-ਨਾਲ ਆਪਸੀ ਰੰਜਿਸ਼ ਤੇ ਸਾੜ੍ਹੇ ਤਹਿਤ ਪੇਸ਼ ਕਰਦਾ ਹੈ।"[11] ਨਾਵਲ ਵਿੱਚ ਜਾਨਕੀ ਦੀ ਜ਼ਿੰਦਗੀ ਵਿੱਚ ਭਾਵੇਂ ਬਹੁਤ ਸਾਰੇ ਦੁੱਖ ਵਾਪਰਦੇ ਹਨ ਅਤੇ ਉਹ ਬਹੁਤ ਵਾਰ ਸਰੀਰਕ ਅਤੇ ਮਾਨਸਿਕ ਪੱਖੋਂ ਜ਼ਲੀਲ ਵੀ ਹੁੰਦੀ ਹੈ ਪਰ ਫਿਰ ਵੀ ਉਸ ਨੇ ਜੀਵਨ ਸੰਘਰਸ਼ ਅਤੇ ਜਿਊਣ ਦੀ ਤਾਂਘ ਨਹੀਂ ਛੱਡੀ। ਇਸੇ ਕਰਕੇ ਹੀ ਪ੍ਰਕਾਸ਼ ਚੰਦ ਨੂੰ ਜਦੋਂ ਉਹ ਆਪਣੇ ਗਰਭ ਬਾਰੇ ਦੱਸਦੀ ਹੈ ਤਾਂ ਉਹ ਦੋਵੇਂ ਬਾਹਾਂ ਫੈਲਾ ਕੇ ਉਸਨੂੰ ਅਪਣਾ ਲੈਂਦਾ ਹੈ। ਪ੍ਰਕਾਸ਼ ਚੰਦ ਦੁਆਰਾ ਅਪਣਾਏ ਜਾਣਾ ਜਾਨਕੀ ਲਈ ਜ਼ਿੰਦਗੀ ਦੇ ਸੰਘਰਸ਼ ਨੂੰ ਜਿੱਤ ਲੈਣਾ ਸੀ। ਨਾਵਲਕਾਰ ਇਸ ਨਾਵਲ ਦੇ ਬਿਰਤਾਂਤ ਰਾਹੀਂ ਮਨੁੱਖੀ ਹੋਂਦ ਅਤੇ ਹਸਤੀ ਨੂੰ ਸਮਾਜ ਵਿਚ ਕਾਇਮ ਰੱਖਣ ਲਈ ਯਤਨਸ਼ੀਲ ਰਹਿਣ ਦੇ ਸੰਕਲਪ ਨੂੰ ਪੇਸ਼ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਰਮਿੰਦਰ ਕੌਰ, **ਭਾਰਤੀ ਸਾਹਿਤ ਤੇ ਨਿਰਮਾਤਾ ਸੁਖਬੀਰ,** ਪੰਨਾ 16.
2. ਸੁਖਬੀਰ, **ਅੱਧੇ ਪੌਣੇ,** ਪੰਨਾ 17.
3. ਉਹੀ, ਪੰਨਾ 27.

4. ਉਹੀ, ਪੰਨਾ 41.

5. ਉਹੀ, ਪੰਨਾ 61.

6. ਉਹੀ, ਪੰਨਾ 67.

7. ਉਹੀ, ਪੰਨਾ 101.

8. ਡਾ. ਗੁਰਦਿਆਲ ਸਿੰਘ, **ਪੰਜਾਬੀ ਨਾਵਲ ਵਿੱਚ ਦ੍ਰਿਸ਼ਟੀ ਬਿੰਦੂ,** ਪੰਨੇ 108-109.

9. ਸੁਖਬੀਰ, ਅੱਧੇ ਪੌਣੇ, ਪੰਨਾ 213.

10. ਡਾ. ਮਹਿਲ ਸਿੰਘ, "ਨਾਵਲ ਦੀ ਪੜ੍ਹਤ 'ਗਰਦਸ਼' ਦੇ ਪ੍ਰਸੰਗ ਵਿਚ", ਸੰਬਾਦ ਪੰਨਾ 14.

11. ਡਾ. ਰਮਿੰਦਰ ਕੌਰ, **ਭਾਰਤੀ ਸਾਹਿਤ ਦੇ ਨਿਰਮਾਤਾ ਸੁਖਬੀਰ,** ਪੰਨਾ 76.